ਸੇਵਾ ਵਿਖੇ,

ਜਿਲ੍ਹਾ ਸਿਖਿੱਆ ਅਫਸਰ (ਸੈ.ਸਿ).
ਪਠਾਨਕੋਟ।

ਨੰ. 416 ਮਿਤੀ 23/7/2025

ਵਿਸ਼ਾ- **Shree Guru Harkrishan Public School, Mission Road, Pathankot in Distt. Pathankot** ਦਾ ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕਰਨ ਬਾਰੇ।

ਹਵਾਲਾ-: ਆਪ ਜੀ ਦਾ ਦਫਤਰੀ ਪੱਤਰ ਨੰ. 170671 ਮਿਤੀ. 19.06.2025.

ਉਪਰੋਕਤ ਵਿਸ਼ੇ ਸਬੰਧੀ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਪਰਵਿੰਦਰ ਸਿੰਘ, ਉਪ ਮੰਡਲ ਇੰਜੀਨੀਅਰ, ਉਸਾਰੀ ਉਪ ਮੰਡਲ, ਪਠਾਨਕੋਟ ਨੇ ਆਪਣੇ ਪੱਤਰ ਨੰ. 280 ਮਿਤੀ: 18-07-2025 ਰਾਂਹੀ ਇਸ ਦਫਤਰ ਨੂੰ ਰਿਪੋਰਟ ਕੀਤੀ ਹੈ, ਕਿ ਉਹਨਾਂ ਅਤੇ ਸ੍ਰੀ ਦੀਪਕ, ਜੂਨੀਅਰ ਇੰਜੀਨੀਅਰ ਵੱਲੋ ਵਿਸ਼ੇ ਅੰਕਿਤ ਸਕੂਲ ਦੀ ਇਮਾਰਤ ਦਾ ਨਿਰੀਖਣ ਮੋਕੇ ਤੇ ਕੀਤਾ ਹੈ ਅਤੇ ਇਹ ਸਾਲ 2025-26 (ਮਿਤੀ 01-04-2025 ਤੋ 31-03-2026) ਤੱਕ ਸੁਰੱਖਿਅਤ ਪਾਈ ਗਈ ਹੈ ਅਤੇ ਇਸ ਦਾ ਸੁਰੱਖਿਅਤ ਸਰਟੀਫਿਕੇਟ ਹੇਠ ਲਿਖੀਆਂ ਸਰਤਾਂ ਅਨੁਸਾਰ ਦਿੱਤਾ ਜਾਂਦਾ ਹੈ ਅਤੇ ਆਪ ਨੂੰ ਲਿਖਿਆਂ ਜਾਂਦਾ ਹੈ ਕਿ ਇਹਨਾਂ ਸ਼ਰਤਾਂ ਬਾਰੇ ਸਕੂਲ ਨੂੰ ਆਪਣੇ ਪੱਧਰ ਤੇ ਹਦਾਇਤਾਂ ਜਾਰੀ ਕੀਤੀਆਂ ਜਾਣ:-

1. ਬਿਲਡਿੰਗ ਵਿਚ ਕੋਈ ਵੀ ਤਬਦੀਲੀ/ਵਾਧਾ ਕਰਨ ਤੋਂ ਪਹਿਲਾਂ ਇਸ ਦਫਤਰ ਦੇ ਧਿਆਨ ਵਿਚ ਲਿਆਦਾ ਜਾਵੇ।
2. ਬਰਸਾਤ ਹੋਣ ਤੋ ਪਹਿਲਾਂ ਬਿਲਡਿੰਗ ਦੀਆਂ ਛੱਤਾਂ ਸਾਫ ਕਰਵਾਉਣਾ ਯਕੀਨੀ ਬਣਾਇਆ ਜਾਵੇ।
3. ਜੇਕਰ ਇਮਾਰਤ ਦੇ ਕਿਸੇ ਵੀ ਹਿੱਸੇ ਵਿੱਚ ਕਰੈਕ ਆਵੇ ਤਾਂ ਉਸ ਕਮਰੇ ਵਿਚ ਬੱਚਿਆਂ ਨੂੰ ਨਾ ਬਠਾਇਆ ਜਾਵੇ। ਜੇਕਰ ਬਠਾਇਆ ਗਿਆ ਅਤੇ ਕੋਈ ਜਾਨੀ ਨੁਕਸਾਨ ਹੁੰਦਾ ਹੈ ਤਾਂ ਉਸ ਦੀ ਸਾਰੀ ਜੁੰਮੇਵਾਰੀ ਸਕੂਲ ਦੇ ਪ੍ਰਿੰਸੀਪਲ ਦੀ ਹੋਵੇਗੀ।
4. ਇਹ ਐਨ.ਓ.ਸੀ. ਕੇਵਲ ਬਿਲਡਿੰਗ ਦੇ ਸਟਰਕਚਰ ਦੀ ਸੇਫਟੀ ਨਾਲ ਸਬੰਧ ਰੱਖਦੀ ਹੈ। ਇਸ ਦਾ ਬਿਲਡਿੰਗ ਬਾਇਓਲੋਜ ਦੇ ਨਾਲ ਕੋਈ ਸਬੰਧ ਨਹੀਂ ਹੈ।

ਨੱਥੀ/x

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਲੋ:ਨਿ:ਵਿ ਭਤੇਮ ਸਾਖਾ,
ਪਠਾਨਕੋਟ।

ਪਿੱਠ ਅੰਕਣ ਨੰ ਮਿਤੀ

ਉਪਰੋਕਤ ਦਾ ਉਤਾਰਾ ਉਪ ਮੰਡਲ ਇੰਜੀਨਿਅਰ, ਉਸਾਰੀ ਉਪ ਮੰਡਲ, ਪਠਾਨਕੋਟ ਨੂੰ ਉਹਨਾਂ ਦੇ ਪੱਤਰ ਨੰ. 280 ਮਿਤੀ: 18.07.2025 ਦੇ ਹਵਾਲੇ ਵਿੱਚ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

ਸਹੀ/-
ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਲੋ:ਨਿ:ਵਿ ਭਤੇਮ ਸਾਖਾ,
ਪਠਾਨਕੋਟ।

ਪਿੱਠ ਅੰਕਣ ਨੰ ਮਿਤੀ

ਉਪਰੋਕਤ ਦਾ ਉਤਾਰਾ ਪ੍ਰਿੰਸੀਪਲ **Shree Guru Harkrishan Public School, Mission Road, Pathankot in Distt. Pathankot** ਨੂੰ ਸੂਚਨਾਂ ਹਿੱਤ ਭੇਜਿਆਂ ਜਾਂਦਾ ਹੈ।

ਸਹੀ/-
ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਲੋ:ਨਿ:ਵਿ ਭਤੇਮ ਸਾਖਾ,
ਪਠਾਨਕੋਟ।

Safety certificate N--341